بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 27.08.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਦ ਫ਼ਾਰੂਕੇ ਆਜ਼ਮ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 27 ਅਗਸਤ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَٰهَ إِلَّا اللهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔

بِسْمِ اللهِ الرَّحْمَٰنِ الرَّحِيمِ ۔ اَلْحَمْدُ لِلّٰهِ رَبِّ الْعَالَمِينَ ۔ الرَّحْمَٰنِ الرَّحِيمِ ۔ مَالِكِ يَوْمِ الدِّينِ ۔ إِيَّاكَ نَعْبُدُ وَإِيَّاكَ نَسْتَعِينُ ۔ اِهْدِنَا الصِّرَاطَ الْمُسْتَقِيمَ ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّآلِّينَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀਆਂ ਘਟਨਾਵਾਂ ਦਾ ਜ਼ਿਕਰ ਚੱਲ ਰਿਹਾ ਹੈ । ਆਪ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਇਕ ਜੰਗ ਹੋਈ ਜਿਸਨੂੰ ਜੰਗੇ ਰੈ ਕਹਿੰਦੇ ਹਨ । ਰੈ ਨੀਸ਼ਾਪੁਰ ਤੋਂ 480 ਮੀਲ ਦੀ ਦੂਰੀ’ਤੇ ਸਿਥਿਤ ਹੈ । ਰੈ ਦੇ ਰਹਿਣ ਵਾਲਿਆਂ ਨੂੰ ਰਾਤਜ਼ੀ ਕਹਿੰਦੇ ਹਨ ਅਤੇ ਪ੍ਰਸਿੱਧ ਵਿਆਖਿਆਕਾਰ ਹਜ਼ਰਤ ਇਮਾਮ ਫ਼ਖ਼ਰੁੱਦੀਨ ਰਾਜ਼ੀ ਰੈ ਦੇ ਰਹਿਣ ਵਾਲੇ ਸਨ । ਰੈ ਦਾ ਹਾਕਮ ਸਯਾਹੁਖ਼ਸ਼ ਬਿਨ ਮਹਿਰਾਨ ਬਿਨ ਬਹਿਰਾਮ ਸੀ ਜਿਸਨੇ ਦੰਬਾਵੰਦ, ਤਬਰਿਸਤਾਨ, ਕੌਮਸ ਅਤੇ ਜਰਹਾਨ ਵਾਲਿਆਂ ਨੂੰ ਆਪਣੀ ਮਦਦ ਲਈ ਤਿਆਰ ਕੀਤਾ । ਮੁਸਲਮਾਨ ਹੁਣੇ ਰੈ ਦੇ ਮਾਰਗ ਵਿੱਚ ਸਨ ਕਿ ਇਰਾਨੀ ਸਰਦਾਰ ਅਬੁਲ ਫ਼ਰਖ਼ਾਨ ਜ਼ੈਂਬੀ ਸੁਲਾਹ ਦੇ ਰੂਪ ਆਣ ਮਿਲਿਆ । ਜ਼ੈਂਬੀ ਨੇ ਨਈਮ ਬਿਨ ਮਕਰਨ ਨੂੰ ਕਿਹਾ ਕਿ ਆਪ ਮੇਰੇ ਨਾਲ ਕੁਝ ਸ਼ਹਿਸਵਾਰ ਭੇਜੋ ਮੈਂ ਗੁਪਤ ਮਾਰਗ ਰਾਹੀਂ ਸ਼ਹਿਰ ਦੇ ਅੰਦਰ ਜਾਂਦਾ ਹਾਂ । ਜ਼ੈਂਬੀ ਦੀ ਮਦਦ ਨਾਲ ਮੁਸਲਮਾਨ ਸ਼ਹਿਰ ਵਿੱਚ ਗੁਪਤ ਮਾਰਗ ਰਾਹੀਂ ਦਾਖ਼ਲ ਹੋਏ ਅਤੇ ਇਉਂ ਇਸ ਸ਼ਹਿਰ’ਤੇ ਮੁਸਲਮਾਨਾਂ ਦਾ ਕਬਜ਼ਾ ਹੋ ਗਿਆ । ਸ਼ਹਿਰ ਵਾਸੀਆਂ ਨੂੰ ਲਿਖੱਤੀ ਅਮਾਨ ਦੇ ਦਿੱਤੀ ਗਈ ।

ਫਿਰ 22 ਹਿਜਰੀ ਵਿੱਚ ਕੌਮਸ ਤੇ ਜਰਜਾਨ ਦੀਆਂ ਜਿਤੱਾਂ ਹੋਈਆਂ, 22 ਹਿਜਰੀ ਵਿੱਚ ਹੀ ਆਜ਼ਰ ਬਾਈਜਾਨ ਜਿੱਤਿਆ ਗਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਵੱਲੋਂ ਆਜ਼ਰ ਬਾਈਜਾਨ ਦੀ ਮੁਹਿਮ ਦਾ ਝੰਡਾ ਅਤਬਾ ਬਿਨ ਫ਼ਰਕਦ ਅਤੇ ਬਕੀਰ ਬਿਨ ਅਬਦੁਲੱਾਹ ਨੂੰ ਦਿਤੱਾ ਗਿਆ ਸੀ । ਆਪ ਰਜ਼ੀ ਅਲੱਾਹ ਅਨਹੁ ਦੇ ਨਿਰਦੇਸ਼ਾਂ’ਤੇ ਹੀ ਇਹ ਦੋਵੇਂ ਵੱਖ ਵੱਖ ਪਾਸਿਓਂ ਹਮਲਾਵਰ ਹੋਏ । ਬਕੀਰ ਨੂੰ ਰੁਸਤਮ ਦਾ ਭਰਾ ਅਸਫ਼ੰਦਯਾਜ਼ ਬਿਨ ਫ਼ਰਖ਼ਜ਼ਾਦ ਮਿਲਿਆ, ਲੜਾਈ ਹੋਈ ਅਤੇ ਜੱਦ ਅਸਫ਼ੰਦਯਾਜ਼ ਹਾਰਕੇ ਗ੍ਰਿਫ਼ਤਾਰ ਹੋਇਆ ਤਾਂ ਉਸਨੇ ਬਕੀਰ ਨਾਲ ਸੁਲਾਹ ਕਰ ਲਈ ਅਤੇ ਬਕੀਰ ਦਾ ਨੁਮਾਇੰਦਾ ਬਣਕੇ ਵਿਰੋਧੀਆ ਵਿਰੁਧ ਮੁਸਲਮਾਨਾ ਦੀ ਸਹਾਇਤਾ ਕਰਦਾ ਰਿਹਾ, ਇਉਂ ਹੌਲ਼ੀ ਹੌਲ਼ੀ ਸਾਰਾ ਖੇਤਰ ਬਕੀਰ ਦੇ ਅਧੀਨ ਹੋ ਗਿਆ ।

ਦੂਜੇ ਪਾਸੇ ਅਤਬਾ ਬਿਨ ਫ਼ਰਕਦ ਨੇ ਵੀ ਜਿਤ ਹਾਸਲ ਕੀਤੀ । ਜਿਤੱਾਂ ਦੀ ਇਸ ਕੜੀ ਦੇ ਬਾਦ ਅਮੀਰੁਲ ਮੋਮਿਨੀਨ ਉਮਰ ਬਿਨ ਖ਼ਤਾਬ ਰਜ਼ੀ ਅਲੱਾਹ ਅਨਹੁ ਦੇ ਕਾਰਜਵਾਹਕ ਅਰਥਾਤ ਅਤਬਾ ਬਿਨ ਫ਼ਰਕਦ ਵੱਲੋਂ ਆਜ਼ਰ ਬਾਈਜਾਨ ਦੇ ਵਾਸੀਆਂ ਨੂੰ ਸੁਲਾਹ ਦੀ ਲਿਖਿਤ ਲਿੱਖ ਕੇ ਦਿੱਤੀ ਗਈ ।

ਆਜ਼ਰ ਬਾਈਜਾਨ ਦੀ ਜਿੱਤ ਦੇ ਬਾਦ ਬਕੀਰ ਬਿਨ ਅਬਦੁਲੱਾਹ ਆਰਮੀਨੀਆ ਵੱਲ ਵਧੇ । ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਬਕੀਰ ਦੀ ਮਦਦ ਲਈ ਸੁਰਾਕਾ ਬਿਨ ਮਾਲਕ ਦੀ ਅਗਵਾਈ ਵਿੱਚ ਇਕ ਹੋਰ ਲਸ਼ਕਰ ਭੇਜਿਆ । ਆਪ ਨੇ ਸੁਰਾਕਾ ਬਿਨ ਮਾਲਕ ਨੂੰ ਸਾਰੇ ਲਸ਼ਕਰ ਦਾ ਸਿਪਾਸਾਲਾਰ ਵੀ ਬਣਾਇਆ । ਮੁਸਲਮਾਨਾ ਦੀ ਪੇਸ਼ਕਦਮੀ ਤੇ ਨਿਸਚਿਆਂ ਨੂੰ ਦੇਖਦਿਆਂ ਹੋਇਆਂ ਬਰਾਜ਼ ਸ਼ਹਿਰ ਦੇ ਇਰਾਨੀ ਹਾਕਮ ਦੇ ਸੁਰਾਕਾ ਬਿਨ ਮਾਲਕ ਨਾਲ ਜਜ਼ੀਏ ਦੀ ਥਾਂ ਫ਼ੌਜੀ ਸਹਾਇਤਾ ਦੀ ਸ਼ਰਤ'ਤੇ ਸੁਲਾਹ ਕਰ ਲਈ । ਇਉਂ ਆਰਮੀਨੀਆ ਬਿਨਾ ਜੰਗ ਦੇ ਫ਼ਤਿਹ ਹੋ ਗਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਸ ਸੁਲਾਹ'ਤੇ ਬਹੁਤ ਹੀ ਖ਼ੁਸ਼ੀ ਤੇ ਪਸੰਦ ਹੋਣ ਦਾ ਪ੍ਰਗਟਾਵਾ ਕੀਤਾ । ਇਸ ਦੇ ਬਾਦ ਸੁਰਾਕਾ ਬਿਨ ਮਾਲਕ ਨੇ ਆਰਮੀਨੀਆ ਦੇ ਆਲ੍ਹੇ ਦੁਆਲੇ ਪਹਾੜਾਂ ਵੱਲ ਫ਼ੌਜਾਂ ਨੂੰ ਭੇਜਿਆ ਜਿਸ ਵਿਚ ਬਹੁਤ ਸਫ਼ਲਤਾ ਹੋਈ ।

ਫਿਰ 22 ਹਿਜਰੀ ਵਿੱਚ ਖ਼ੁਰਾਸਾਨ ਦੀ ਫ਼ਤਿਹ ਹੋਈ । ਜਲੋਲਾ ਦੀ ਜੰਗ ਦੇ ਬਾਦ ਇਰਾਨੀ ਬਾਦਸ਼ਾਹ ਯਜ਼ਦ ਜਰਦ ਨੇ ਰੈ ਮਗਰੋਂ ਕਿਰਮਾਨ, ਖ਼ੁਰਾਸਾਨ ਅਤੇ ਮਰੂ ਵਿੱਚ ਨਿਵਾਸ ਕੀਤਾ । ਇੱਥੇ ਉਸਨੇ ਆਲ੍ਹੇ ਦੁਆਲੇ ਦੇ ਅਜਮ ਵਾਸੀਆਂ ਤੇ ਫ਼ਾਰਸ ਵਾਸੀਆਂ ਅਤੇ ਹਰਮਜ਼ਾਨ ਨਾਲ ਆਪਣੇ ਸੰਬੰਧ ਵਧਾਕੇ ਮੁਸਲਮਾਨਾ ਵਿਰੁਧ ਵਰਗਲਾਇਆ ਅਤੇ ਮੁਸਲਮਾਨਾ ਦੇ ਜਿੱਤੇ ਹੋਏ ਖੇਤਰਾਂ ਵਿੱਚ ਬਗ਼ਾਵਤ ਕਰਵਾ ਦਿੱਤੀ । ਇਹਨਾ ਹਾਲਾਤਾਂ ਦੀ ਸੰਗੀਨੀ ਦੇ ਸਬਬ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਮੁਸਲਮਾਨਾ ਨੂੰ ਆਗਿਆ ਦੇ ਦਿੱਤੀ ਕਿ ਉਹ ਇਰਾਨ ਦੇ ਖੇਤਰਾਂ ਵਿੱਚ ਪੇਸ਼ਕਦਮੀ ਕਰਨ । ਆਪ ਰਜ਼ੀ ਅਲੱਾਹੁ ਅਨਹੁ ਨੇ ਆਦੇਸ਼'ਤੇ ਬਸਰਾ ਵਾਸੀਆਂ ਤੇ ਕੂਫ਼ਾ ਵਾਸੀਆਂ ਨੇ ਜ਼ਬਰਦਸਤ ਹਮਲੇ ਕਰਕੇ ਸ਼ਾਹੇ ਇਰਾਨ ਯਜ਼ਦ ਜਰਦ ਨੂੰ ਵਾਰ ਵਾਰ ਇਕ ਥਾਂ ਤੋਂ ਦੂਜੇ ਥਾਂ ਭਜੱਣ ਨੂੰ ਮਜਬੂਰ ਕਰ ਦਿੱਤਾ । ਇਸ ਅਵਸਥਾ ਵਿੱਚ ਯਜ਼ਦ ਜਰਦ ਮਰੂ ਰੋਜ਼, ਬਲਖ਼ ਆਦਿ ਖੇਤਰਾਂ ਵਿੱਚੋਂ ਲੰਘਦਾ ਹੋਇਆਂ ਦਰਿਆ ਪਾਰ ਕਰਕੇ ਭਜੱਣ ਵਿੱਚ ਮਜਬੂਰ ਹੋ ਗਿਆ । ਇਹਨਾ ਨਵੇਂ ਹਾਲਾਤਾਂ ਵਿੱਚ ਨੀਸ਼ਾਪੁਰ ਤੋਂ ਲੈਕੇ ਤਖ਼ਰਸਤਾਨ ਤੱਕ ਦੇ ਵਾਸੀਆਂ ਨੇ ਮੁਸਲਮਾਨਾ ਨਾਲ ਸੁਲਾਹ ਕਰ ਲਈ । ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਫ਼ਤਿਹ ਖ਼ੁਰਾਸਾਨ ਦੀ ਸੂਚਨਾ ਮਿਲੀ ਤਾਂ ਆਪ ਨੇ ਫ਼ਰਮਾਇਆ ਕਿ ਮੈਂ ਤਾਂ ਚਾਹੁੰਦਾ ਸੀ ਕਿ ਇਹਨਾ ਇਰਾਨੀਆਂ ਦੇ ਵਿਰੁਧ ਕਿਸੇ ਲਸ਼ਕਰ ਦੀ ਚੜ੍ਹਾਈ ਨ ਕਰਨੀ ਪਏ ਅਤੇ ਸਾਡੇ ਤੇ ਉਹਨਾਂ ਵਿੱਚ ਕੋਈ ਅੱਗ ਦਾ ਸਾਗਰ ਆਵੇ । ਇਸ ਲਈ ਆਪ ਰਜ਼ੀ ਅਲੱਾਹੁ ਅਨਹੁ ਨੇ ਅਹਨਫ਼ ਬਿਨ ਕੈਸ ਨੂੰ ਦਰਿਆ ਪਾਰ ਕਰਕੇ ਪੇਸ਼ਕਦਮੀ ਕਰਨ ਤੋਂ ਰੋਕ ਦਿਤੱਾ । ਯਜ਼ਦ ਜਰਦ ਵੱਖ ਵੱਖ ਸ਼ਹਿਰਾਂ ਵਿੱਚ ਫਿਰਦਾ ਰਿਹਾ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਕਤਲ ਹੋਇਆ ।

ਅਹਨਫ਼ ਬਿਨ ਕੈਸ ਵੱਲੋਂ ਪ੍ਰਾਪਤ ਹੋਣ ਵਾਲੇ ਮਾਲੇ ਗ਼ਨੀਮਤ ਬਾਰੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਮੁਸਲਮਾਨਾ ਨਾਲ ਦੁੱਖ ਭਰਿਆ ਸੰਬੋਧਨ ਕੀਤਾ । ਜਿਸ ਵਿੱਚ ਰੱਬ ਦੇ ਹੁਕਮਾ ਦੀ ਹੁਕਮ ਉਦੂਲੀ ਦੇ ਸਿੱਟਿਆ ਤੋਂ ਪਰੀਚਿਤ ਕਰਵਾਉਂਦਿਆਂ ਫ਼ਰਮਾਇਆ ਕਿ ਮੈਨੂੰ ਇਹ ਖ਼ਤਰਾ ਨਹੀਂ ਕਿ ਦੁਸ਼ਮਣ ਮੁਸਲਮ ਉਮੱਤ ਨੂੰ ਤਬਾਹ ਕਰੇਗਾ ਸਗੋਂ ਮੈਨੂੰ ਤੁਸੀਂ ਮੁਸਲਮਾਨਾ ਤੋਂ ਹੀ ਉਮੱਤ ਦੀ ਤਬਾਹੀ ਦਾ ਖ਼ੌਫ਼ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ ਅੱਜ ਅਸੀਂ ਇਹੋ ਗੱਲ ਸੱਚੀ ਸਿੱਧ ਹੁੰਦੀ ਦੇਖ ਰਹੇ ਹਾਂ ਕਿ ਮੁਸਲਮਾਨ ਹੀ ਮੁਸਲਮਾਨ ਦੀ ਗਰਦਨ ਮਾਰ ਰਿਹਾ ਹੈ ਅਤੇ ਇਕ ਦੇਸ਼ ਦੂਜੇ ਦੇਸ਼'ਤੇ ਜਿਹਾਦ ਦਾ ਨਾਂ ਲੈਕੇ ਚੜ੍ਹਾਈ ਕਰ ਰਿਹਾ ਹੈ ।

ਅਸਤਖ਼ਰ ਜੋ ਫ਼ਾਰਸ ਦਾ ਕੇਂਦਰੀ ਸ਼ਹਿਰ ਤੇ ਸਾਸਾਨੀ ਬਾਦਸ਼ਾਹਾਂ ਦਾ ਪਵਿਤੱਰ ਸਥਲ ਸੀ ਇਸ ਖੇਤਰ ਵੱਲ ਹਜ਼ਰਤ ਉਸਮਾਨ ਬਿਨ ਅਬੁਲਆਸ ਰਜ਼ੀ ਅਲੱਾਹੁ ਅਨਹੁ ਨੇ ਪੇਸ਼ਕਦਮੀ ਕੀਤੀ । ਇੱਥੇ ਭਰਪੂਰ ਜੰਗ ਦੇ ਬਾਦ ਰੱਬ ਨੇ ਮੁਸਸਮਾਨਾ ਨੂੰ ਫ਼ਤਹਿ ਪ੍ਰਦਾਨ ਕੀਤੀ । ਹਜ਼ਰਤ ਉਸਮਾਨ ਬਿਨ ਅਬੁਲਆਸ ਨੇ ਗ਼ਨੀਮਤ ਦਾ ਮਲ ਇਕਠੱਾ ਕੀਤਾ ਅਤੇ ਉਸਦਾ ਪੰਜਵਾਂ

ਭਾਗ ਕਢੱਕੇ ਅਮੀਰੁਲ ਮੋਮਿਨੀਨ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸੇਵਾ ਵਿੱਚ ਭੇਜ ਦਿਤੱਾ । ਇਕ ਰਿਵਾਇਤ ਅਨੁਸਾਰ ਅਸਤਖ਼ਰ ਨੂੰ ਪਹਿਲੀ ਵਾਰ ਹਜ਼ਰਤ ਅਲਾ ਬਿਨ ਹਜ਼ਰਮੀ ਨੇ 17 ਹਿਜਰੀ ਵਿੱਚ ਫ਼ਤਹਿ ਕੀਤਾ ਸੀ ।

ਹਜ਼ਰਤ ਸਾਰੀਆ ਬਿਨ ਜ਼ਨੀਮ ਨੂੰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ 23 ਹਿਜਰੀ ਵਿੱਚ ਫ਼ਸਾ ਤੇ ਦਾਰੇ ਅਬਜਰਦ ਵੱਲ ਗੇਜਿਆ । ਹਜ਼ਰਤ ਇਬਨੇ ਉਮਰ ਰਜ਼ੀ ਅਲੱਾਹੁ ਅਨਹੁ ਬਿਆਨ ਕਰਦੇ ਹਨ ਕਿ ਇਕ ਦਿਨ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸੰਬੋਧਨ ਕਰਦਿਆਂ ਹੋਇਆਂ ਅਚਨਚੇਤ ਉੱਚੀ ਅਵਾਜ਼ ਵਿੱਚ ਕਿਹਾ ਹੇ ਸਾਰਿਯਾਤੁਲ ਜਬਲ ਅਰਥਾਤ ਸਾਰਿਆ ! ਪਹਾੜ ਵੱਲ ਹੱਟ ਜਾਓ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਇਸ ਘਟਨਾ ਨੂੰ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਕਿਉਂਕਿ ਇਹ ਵਾਕ ਅਰਥਾਤ ਸਾਰਿਯਾਤੁਲ ਜਬਲ ਨਾਲ ਸੰਬੰਧਤ ਸਨ, ਸੋ, ਲੋਕਾਂ ਨੇ ਇਹਨਾ ਵਾਕਾਂ ਬਾਰੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਪੁੱਛਿਆ । ਆਪ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਮੈਂ ਇਸਲਾਮੀ ਲਸ਼ਕਰ ਦੇ ਇਕ ਜਰਨੈਲ ਸਾਰਿਆਂ ਨੂੰ ਦੇਖਿਆ ਕਿ ਦੁਸ਼ਮਣ ਉਹਨਾ ਦੇ ਪਿਛਲੇ ਪਾਸਿਓਂ ਹਮਲਾਆਵਰ ਹੋ ਰਿਹਾ ਹੈ ਅਤੇ ਨੇੜੇ ਸੀ ਕਿ ਇਸਲਾਮੀ ਲਸ਼ਕਰ ਤਬਾਹ ਹੋ ਜਾਵੇ, ਇਸ ਲਈ ਮੈਂ ਉਹਨਾਂ ਨੂੰ ਅਵਾਜ਼ ਦਿੱਤੀ ਕਿ ਹੇ ਸਾਰਿਯਾ ! ਪਹਾੜ ਵੱਲ ਹੋ ਜਾਓ । ਇਸ ਘਟਨਾ ਨੂੰ ਹੁਣੇ ਬਹੁਤੇ ਦਿਨ ਨਹੀਂ ਲੰਘੇ ਸਨ ਕਿ ਸਾਰਿਯਾ ਵੱਲੋਂ ਇਸੇ ਵਿਸ਼ੇ ਦੀ ਸੂਚਾਨਾ ਆਣ ਪਹੁੰਚੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਜ਼ੁਬਾਨ ਉਸ ਸਮੇਂ ਉਹਨਾ ਦੇ ਕਾਬੂ ਵਿੱਚੋਂ ਨਿਕਲ ਗਈ ਸੀ ਅਤੇ ਉਸ ਸਮੇਂ ਉਸ ਕਾਦਰ ਵੁਜੂਦ ਦੇ ਕਬਜ਼ੇ ਵਿੱਚ ਸੀ ਜਿਸ ਲਈ ਫ਼ਾਸਲੇ ਤੇ ਦੂਰੀ ਕੋਈ ਚੀਜ਼ ਨਹੀਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਆਰੋਪ ਕਿ ਸਹਾਬਾ ਕਰਾਮ ਤੋਂ ਇਲਹਾਮ ਸਾਬਤ ਨਹੀਂ, ਬੇਕਾਰ ਤੇ ਗ਼ਲਤ ਹਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਸਾਰਿਯਾ ਦੇ ਲਸ਼ਕਰ ਦੀ ਖ਼ਤਰਨਾਕ ਹਾਲਤ ਤੋਂ ਜਾਣੂ ਹੋ ਜਾਣਾ ਇਲਹਾਮ ਨਹੀਂ ਤਾਂ ਹੋਰ ਕੀ ਸੀ ।

23 ਹਿਜਰੀ ਵਿੱਚ ਹਜ਼ਰਤ ਸੁਹੇਲ ਬਿਨ ਅਦੀ ਰਜ਼ੀ ਅਲੱਾਹੁ ਅਨਹੁ ਦੇ ਹੱਥੀ ਕਿਰਮਾਨ ਫ਼ਤਿਹ ਹੋਇਆ । ਇਸੇ ਪ੍ਰਕਾਰ 23 ਹਿਜਰੀ ਵਿੱਚ ਸਬਹਸਤਾਨ ਜੋ ਖ਼ੁਰਾਸਾਨ ਤੋਂ ਵੱਡੱਾ ਖੇਤਰ ਸੀ ਫ਼ਤਿਹ ਹੋਇਆ । ਪ੍ਰਸਿਧ ਇਰਾਨੀ ਪਹਿਲਵਾਨ ਰੁਸਤਮ ਇਸੇ ਖੇਤਰ ਦਾ ਰਹਿਣ ਵਾਲਾ ਸੀ । ਮਕਰਾਨ ਦੀ ਜਿੱਤ ਵੀ 23 ਹਿਜਰੀ ਦੀ ਹੈ । ਇੱਥੇ ਮੁਸਲਮਾਨਾ ਨੇ ਸਿੰਧ ਦੇ ਬਾਦਸ਼ਾਹ ਵਿਰੁਧ ਇਕਜੁੱਟ ਹੋਕੇ ਜੰਗ ਕੀਤੀ ਅਤੇ ਉਸਨੂੰ ਪਰਾਜਿਤ ਕੀਤਾ । ਹਜ਼ੂਰ ਅਨਵਾਰ ਨੇ ਫ਼ਰਮਾਇਆ ਕਿ ਫ਼ਤੂਹਾਤੇ ਫ਼ਾਰੂਕੀ (ਅਰਥਾਤ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀਆਂ ਜਿਤੱਾਂ ) ਦੀਆਂ ਅੰਤਮ ਸੀਮਾ ਇਹੋ ਮਕਰਾਨ । ਹੈ ਇਤਿਹਾਸਕਾਰ ਬਲਾਦਰੀ ਅਨੁਸਾਰ ਫ਼ਰੂਕੀ ਕਾਲ ਵਿੱਚ ਦੇਬਲ ਦੇ ਲਹਿੰਦੇ ਖੇਤਰਾਂ ਅਤੇ ਥਾਨਾ ਤੱਕ ਮੁਸਲਮਾਨ ਫ਼ੌਜਾ ਪਹੁੰਚ ਚੁੱਕੀਆਂ ਸਨ । ਜੇਕਰ ਇਹ ਠੀਕ ਹੈ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਇਸਲਾਮ ਦਾ ਕੱਦ ਸਿੰਧ ਤੇ ਹਿੰਦ (ਭਾਰਤ) ਵਿੱਚ ਆ ਚੁੱਕਿਆ ਸੀ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਦਾ ਜ਼ਿਕਰ ਭਵਿੱਖ ਵਿੱਚ ਵੀ ਜਾਰੀ ਰਹਿਣ ਦਾ ਜ਼ਿਕਰ ਕਰਨ ਦੇ ਬਾਦ ਹਜ਼ੂਰ ਅਨਵਰ ਨੇ ਇਕ ਟਰਕਿਸ਼ ਇੰਟਰਨੈਟ ਰੇਡੀਓ ਦੇ ਉਦਘਾਟਨ ਕਰਨ ਦਾ ਐਲਾਨ ਕੀਤਾ । ਇਸ ਰੇਡੀਓ ਨਾਲ ਸੰਸਾਰ ਭਰ ਦੇ 20 ਤੋਂ ਵੱਧ ਦੇਸ਼ ਲਾਭ ਚੁਕੱਣਗੇ । ਇਸ ਰੇਡੀਓ ਦੀ ਤਿਆਰੀ ਦਾ ਸੁਭਾਗ ਸ਼ੋਅਬਾ ਤਬਲੀਗ਼ (ਪ੍ਰਚਾਰ ਵਿਭਾਗ) ਜਰਮਨੀ ਨੂੰ ਮਿਲਿਆ ਹੈ । ਹਜ਼ੂਰ ਅਨਵਰ ਨੇ ਦੁਆ ਕੀਤੀ ਕਿ ਅਲੱਾਹ ਤਆਲਾ ਇਸ ਪ੍ਰਚਾਰਕ ਵਿਭਾਗ ਜਰਮਨੀ ਦੇ ਇਸ ਜਤਨ ਨੂੰ ਕੁਬੂਲ ਕਰਦਿਆਂ ਹੋਇਆਂ ਇਸ ਨਵੇਂ ਇੰਟਰਨੈਟ ਰੈਡੀਓ ਨੂੰ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮਰਹੂਮਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਂਣ ਦਾ ਐਲਾਨ ਕਰਦਿਆਂ ਹੋਇਆਂ ਮਾਨਯੋਗ ਸਯੱਦ ਤਾਲੇ ਅਹਮਦ ਸਾਹਬ ਮਰਹੂਮ ਬਾਰੇ ਫ਼ਰਮਾਇਆ ਕਿ ਸਾਡੇ ਪਿਆਰੇ ਤਾਲੇ ਦਾ ਜਨਾਜ਼ਾ ਅਜੇ ਪਹੁੰਚਿਆ ਨਹੀਂ ਹੈ, ਜੱਦ ਪਹੁੰਚੇ ਗਾ ਤਾਂ ਉਸਦੇ ਬਾਦ ਉਸਦੀ ਨਮਾਜ਼ ਜਨਾਜ਼ਾਹ ਪੜ੍ਹੀ ਜਾਏਗੀ ਅਤੇ ਇਨਸ਼ਾਅਲੱਾਹ ਜ਼ਿਕਰ ਵੀ ਹੋਵੇਗਾ ।

ਇਸ ਦੇ ਬਾਦ ਹਜ਼ੂਰ ਅਨਵਰ ਨੇ ਮੁਕਰੱਮ ਮਹਮੂਦ ਸਾਹਬ ਮਰਹੂਮ ਸਾਬਕ ਖ਼ਾਦਮ ਮਸਜਿਦ ਅਕਸਾ ਅਤੇ ਮਸਜਿਦ ਮੁਬਾਰਕ ਕਾਦੀਆਂ ਦਾ ਜ਼ਿਕਰੇ ਖ਼ੈਰ ਕੀਤਾ, ਜੋ 74 ਸਾਲ ਦੀ ਉਮਰ ਵਿੱਚ ਫ਼ੌਤ ਹੋ ਗਏ ਸਨ । ਮਰਹੂਮ ਮਖ਼ਦੂਮ ਹੁਸੈਨ ਸਾਹਬ ਆਫ਼ ਬੈਲਗਾਮ ਦੇ ਪੁਤੱਰ ਸਨ ਜੋ ਸੂਬਾ ਕਰਨਾਟਕ ਤੋਂ ਹਿਜਰਤ ਕਰਕੇ ਕਾਦੀਆਂ ਆ ਗਏ ਸਨ । 28 ਸਾਲ ਤੱਕ ਮਸਜਿਦ ਅਕਸਾ ਅਤੇ ਮਸਜਿਕ ਮੁਬਾਰਕ ਵਿੱਚ ਖ਼ਾਦਮ (ਸੇਵਕ) ਦੇ ਰੂਪ ਵਿੱਚ ਸੇਵਾ ਕੀਤੀ । ਮਰਹੂਮ ਮੂਸੀ ਸਨ । ਮਰਹੂਮ ਨਮਾਜ਼ ਰੋਜ਼ਿਆਂ ਦੇ ਪਾਬੰਦ ਸਨ, ਤਹਜੁੱਦ ਪੜ੍ਹਨ ਵਾਲੇ ਤੇ ਦੁਆਗੋ ਇਨਸਾਨ ਸਨ । ਮਸਜਿਦ ਨਾਲ ਵਿਸ਼ੇਸ਼ ਲਗਾਉ ਸੀ, ਪਿਛੋਕੜ ਵਿੱਚ ਪਤਨੀ ਤੋਂ ਬਿਨ ਦੋ ਬੇਟੇ ਅਤੇ ਇਕ ਬੇਟੀ ਸ਼ਾਮਲ ਹਨ ।

ਇਹਨਾ ਦੇ ਬਾਦ ਹਜ਼ੂਰ ਅਨਵਰ ਨੇ ਸੌਦਾ ਸਾਹਿਬਾ ਸੁਪਤਨੀ ਅਬਦੁਰ ਰਹਮਾਨ ਸਾਹਬ ਕੇਰਾਲਾ ਇੰਡੀਆ ਦਾ ਜ਼ਿਕਰੇ ਖ਼ੈਰ ਕੀਤਾ । ਜਿੰਨ੍ਹਾ ਦੀ 22 ਜੁਲਾਈ ਨੂੰ 76 ਸਾਲ ਦੀ ਉਮਰ ਵਿੱਚ ਵਫ਼ਾਤ ਹੋਈ ਸੀ । । ਮੁਰਹੂਮਾ ਸ਼ਮਸੁੱਦੀਨ ਸਾਹਬ ਮਾਲਾਬਾਰੀ ਮੁਬਲੱਗ਼ ਇੰਚਾਰਜ ਕਬਾਬੀਰ ਦੀ ਮਾਤਾ ਸਨ । ਇਹ ਸ਼ਮਸੁੱਦੀਨ ਸਾਹਬ ਕਹਿੰਦੇ ਹਨ ਕਿ ਮੇਰੀ ਮਾਤਾ ਸਾਹਿਬਾ ਵੀ ਟੀ ਮੁਹਮੱਦ ਸਾਹਬ ਮਰਹੂਮ ਦੀ ਪੁਤੱਰੀ ਸਨ ਜੋ ਜ਼ਿਲਾ ਪਾਲਘਾਟ ਅਤੇ ਆਲ੍ਹੇ ਦੁਆਲੇ ਦੇ ਪਿੰਡਾਂ ਵਿੱਚੋਂ ਸਭ ਤੋਂ ਪਹਿਲੇ ਅਹਮਦੀ ਸਨ, ਜਿੰਨ੍ਹਾ ਦੇ 1937 ਈ ਵਿੱਚ ਬੈਅਤ ਦਾ ਸੁਭਾਗ ਪ੍ਰਾਪਤ ਕੀਤਾ । ਫਿਰ ਲੰਮੇ ਸਮੇਂ ਤੱਕ ਵਿਰੋਧੀਆਂ ਵੱਲੋਂ ਕਰੜੇ ਅਤਿਆਚਾਰਾਂ ਦਾ ਸਾਹਮਣਾ ਕਰਦੇ ਰਹੇ । ਇਸੇ ਬਾਈਕਾਟ ਦੇ ਕਾਲ ਵਿੱਚ, ਕਹਿੰਦੇ ਹਨ ਕਿ ਮੇਰੀ ਨਾਨੀ ਅਤੇ ਉਹਨਾਂ ਦੀ ਵੱਡੀ ਬੇਟੀ ਦੀ ਵਫ਼ਾਤ ਹੋ ਗਈ । ਇਸ ਸਮੇਂ ਇਹਨਾ ਦੀ ਮਾਤਾ ਢੇਡ ਸਾਲ ਦੀ ਸਨ । ਵਫ਼ਾਤ ਮਗਰੋਂ ਵਿਰੋਧੀਆਂ ਨੇ ਨਾਨੀ ਨੂੰ ਦਫ਼ਨਾਉਂਣ ਵੀ ਨਹੀਂ ਦਿਤੱਾ ਜਿਸ'ਤੇ ਚਾਲ੍ਹੀ ਕਿਲੋਮੀਟਰਦੂਰ ਸ਼ਹਿਰ ਦੇ ਆਮ ਕਬ੍ਰਿਸਤਾਨ ਵਿੱਚ ਇਹਨਾ ਨੂੰ ਦਫ਼ਨਾਉਣਾ ਪਿਆ । ਕਹਿੰਦੇ ਹਨ ਕਿ ਨਾਨਾ ਆਪਣੀ ਨਿੱਕੀ ਜਿਹੀ ਬੱਚੀ ਨਾਲ ਹਿਜਰਤ ਕਰ ਗਏ । ਇਸ ਪ੍ਰਕਾਰ ਮਾਤਾ ਬਚਪੁਨੇ ਤੋਂ ਹੀ ਵੱਖ ਵੱਖ ਔਕੁੜਾ ਵਿੱਚੋਂ ਲੰਘਦੀ ਰਹੀ । ਮਰਹੂਮਾ ਨਮਾਜ਼ ਰੋਜ਼ਿਆਂ ਦੀ ਪਾਬੰਦ ਤੇ ਮੂਸੀਆ ਸਨ । ਲੋਕਾਂ ਲਈ ਭਲਾਈ ਉਹਨਾ ਵਿੱਚ ਕੁੱਟ ਕੁੱਟਕੇ ਭਰੀ ਹੋਈ ਸੀ । ਹਰ ਪਰੇਸ਼ਾਨ ਤੇ ਦੁਖੀ ਮਨੁੱਖ ਲਈ ਦੁਆਵਾਂ ਕਰਨਾ ਅਤੇ ਜੇਕਰ ਸਾਹਮਣੇ ਹੋਵੇ ਤਾਂ ਉਸ ਦੀ ਮਦਦ ਕਰਨਾ ਆਪ ਦੀ ਆਦਤ ਸੀ । ਪਿਛੋਕੜ ਵਿੱਚ ਪਤੀ ਤੋਂ ਬਿਨਾ ਚਾਰ ਪੁਤੱਰ ਅਤੇ ਦੋ ਪੁਤੱਰੀਆਂ ਹਨ ਅਤੇ ਇਹਨਾ ਦੇ ਪੋਤੇ ਵੀ ਵਕਫ਼ੇ ਜ਼ਿੰਦਗੀ ਹਨ ਅਤੇ ਇਕ ਬੇਟਾ ਮੁਬਲੱਗ਼ ਹੈ ਬਾਹਰ ਸੀ ਜਨਾਜ਼ੇ ਵਿੱਚ ਹਾਜ਼ਰ ਵੀ ਨਹੀਂ ਹੋ ਸਕੇ ਇਹ । ਅਲੱਾਹ ਤਆਲਾ ਮਰਹੂਮਾ ਦਾ ਦਰਜਾਤ ਬੁਲੰਦ ਕਰੇ ।

ਇਹਨਾ ਤੋਂ ਬਿਨਾ ਮੁਕਰੱਮ ਮੁਹਮੱਦੁਲ ਮੁਖ਼ਤਾਰ ਕਬਾਬੀਰ ਸਾਹਬ ਆਫ਼ ਮਰਾਕਸ਼ ਅਤੇ ਮੁਹਤਰਮਾ ਸਯੱਦਾ ਮਜੀਦ ਸਾਹਿਬਾ ਸੁਪਤਨੀ ਸ਼ੇਖ਼ ਅਬਦੁਲ ਮਜੀਦ ਸਾਹਬ ਆਫ਼ ਫ਼ੈਸਲਾਬਾਦ ਦਾ ਵੀ ਜ਼ਿਕਰੇ ਖ਼ੈਰ ਕੀਤਾ । ਹਜ਼ੂਰ ਅਨਵਰ ਨੇ ਸਾਰਿਆਂ ਮਰਹੂਮਾ ਦੀ ਬਖ਼ਸ਼ਿਸ਼ ਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّاٰتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ
وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللہ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي
الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 27.08.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131